**Home Assignment : Class 7th : Subject- Science**

**GSSS Machhike (MOGA) : Teacher- Kirandeep Singh (9463243115)**

# ਅਧਿਆਇ-1 ਪੌਦਿਆਂ ਵਿੱਚ ਪੋਸ਼ਣ

**ਪ੍ਰਸ਼ਨ 1- ਜੀਵਾਂ ਨੂੰ ਭੋਜਨ ਦੀ ਜਰੂਰਤ ਕਿਉਂ ਹੁੰਦੀ ਹੈ?**

ਉੱਤਰ- ਜੀਵਾਂ ਨੂੰ ਸਰੀਰਕ ਕਿਰਿਆਵਾਂ ਲਈ ਊਰਜਾ ਪ੍ਰਾਪਤ ਕਰਨ ਲਈ, ਸਰੀਰਕ ਵਾਧੇ ਲਈ ਅਤੇ ਚੰਗੀ ਸਿਹਤ ਲਈ ਭੋਜਨ ਦੀ ਜਰੂਰਤ ਹੁੰਦੀ ਹੈ।

**ਪ੍ਰਸ਼ਨ 2- ਪਰਜੀਵੀ ਅਤੇ ਮ੍ਰਿਤਜੀਵੀ ਵਿੱਚ ਅੰਤਰ ਦੱਸੋ।**

ਉੱਤਰ-

| ਪਰਜੀਵੀ | ਮ੍ਰਿਤਜੀਵੀ |
|---|---|
| 1)- ਪਰਜੀਵੀ ਦੂਸਰੇ ਜੀਵਾਂ ਦੇ ਸਰੀਰ ਤੇ ਭੋਜਨ ਲਈ ਨਿਰਭਰ ਕਰਦੇ ਹਨ। | 1)- ਮ੍ਰਿਤਜੀਵੀ ਮਰੇ ਹੋਏ ਜੀਵਾਂ ਦੇ ਅਪਘਟਨ ਤੋਂ ਭੋਜਨ ਪ੍ਰਾਪਤ ਕਰਦੇ ਹਨ |
| 2)- ਅਮਰਵੇਲ, ਜੂੰਆਂ ਆਦਿ। | 2)- ਉੱਲੀ, ਖੁੰਬਾਂ ਆਦਿ |

**ਪ੍ਰਸ਼ਨ 3- ਤੁਸੀਂ ਪੱਤੇ ਵਿੱਚ ਸਟਾਰਚ ਦੀ ਮੌਜੂਦਗੀ ਦਾ ਨਿਰੀਖਣ ਕਿਵੇਂ ਕਰੋਗੇ?**

ਉੱਤਰ- ਪੱਤੇ ਵਿਚ ਸਟਾਰਚ ਦੀ ਮੌਜੂਦਗੀ ਦੇ ਨਿਰੀਖਣ ਲਈ ਆਇਓਡੀਨ ਟੈਸਟ ਕੀਤਾ ਜਾਂਦਾ ਹੈ।ਸਭ ਤੋਂ ਪਹਿਲਾਂ ਹਰੇ ਪੱਤੇ ਨੂੰ ਅਲਕੋਹਲ ਵਿੱਚ ਉਬਾਲ ਕੇ ਹਰਾ ਰੰਗ ਬਾਹਰ ਕੱਢਿਆ ਜਾਂਦਾ ਹੈ। ਫਿਰ ਇਸ ਤੇ 2-3 ਬੂੰਦਾਂ ਆਇਓਡੀਨ ਘੋਲ ਦੀਆਂ ਪਾਉਣ ਤੇ ਨੀਲਾ-ਕਾਲਾ ਰੰਗ ਸਟਾਰਚ ਦੀ ਮੌਜੂਦਗੀ ਨੂੰ ਦਰਸਾਉਂਦਾ ਹੈ।

**ਪ੍ਰਸ਼ਨ 4- ਹਰੇ ਪੌਦਿਆਂ ਵਿੱਚ ਪ੍ਰਕਾਸ਼ ਸੰਸ਼ਲੇਸ਼ਣ ਦੀ ਸੰਖੇਪ ਵਿਆਖਿਆ ਕਰੋ।**


ਉੱਤਰ- ਹਰੇ ਪੌਦੇ ਸੂਰਜ ਦੀ ਰੌਸ਼ਨੀ ਦੀ ਮੌਜੂਦਗੀ ਵਿੱਚ ਕਾਰਬਨ ਡਾਈਆਕਸਾਈਡ ਗੈਸ ਅਤੇ ਪਾਣੀ ਤੋਂ ਆਪਣਾ ਭੋਜਨ (ਗੁਲੂਕੋਜ) ਤਿਆਰ ਕਰਦੇ ਹਨ। ਇਸ ਕਿਰਿਆ ਨੂੰ ਪ੍ਰਕਾਸ਼ ਸੰਸ਼ਲੇਸ਼ਣ ਕਹਿੰਦੇ ਹਨ।

$$\text{ਕਾਰਬਨ ਡਾਈਆਕਸਾਈਡ ਗੈਸ} + \text{ਪਾਣੀ} \xrightarrow{\text{ਸੂਰਜ ਦੀ ਰੌਸ਼ਨੀ/ ਕਲੋਰੋਫਿਲ}} \text{ਗੁਲੂਕੋਜ} + \text{ਆਕਸੀਜਨ ਗੈਸ}$$

**ਪ੍ਰਸ਼ਨ 5- ਕਿਸੇ ਪ੍ਰਵਾਹ ਚਿੱਤਰ ਦੀ ਸਹਾਇਤਾ ਨਾਲ ਦਰਸਾਓ ਕਿ ਪੌਦੇ ਭੋਜਨ ਦੇ ਮੂਲ ਸ੍ਰੋਤ ਹਨ।**

ਉੱਤਰ-

GSSS SCHOOL MACHHIKE




ਚਿੱਤਰ 1.3 ਪ੍ਰਕਾਸ਼ ਸੰਸਲੇਸ਼ਣ ਦਰਸਾਉਣ ਦੇ ਲਈ ਪ੍ਰਬੰਧ ਚਿੱਤਰ

**ਪ੍ਰਸ਼ਨ 6– ਖਾਲੀ ਥਾਵਾਂ ਦੀ ਪੂਰਤੀ ਕਰੋ।**

(ੳ) ਕਿਉਂ ਕਿ ਹਰੇ ਪੌਦੇ ਆਪਣਾ ਭੋਜਨ ਆਪ ਬਣਾਉਂਦੇ ਹਨ, ਇਸ ਲਈ ਉਹਨਾਂ ਨੂੰ **ਸਵੈਪੋਸ਼ੀ** ਕਹਿੰਦੇ ਹਨ।

(ਅ) ਪੌਦਿਆਂ ਦੁਆਰਾ ਸੰਸ਼ਲਿਸ਼ਤ ਭੋਜਨ ਦਾ ਭੰਡਾਰਨ **ਸਟਾਰਚ** ਦੇ ਰੂਪ ਵਿੱਚ ਕੀਤਾ ਜਾਂਦਾ ਹੈ।

(ੲ) ਪ੍ਰਕਾਸ਼ ਸੰਸ਼ਲੇਸ਼ਣ ਦੀ ਪ੍ਰਕਿਰਿਆ ਵਿੱਚ ਜਿਸ ਵਰਣਕ ਦੇ ਦੁਆਰਾ ਸੂਰਜੀ ਊਰਜਾ ਸੰਗ੍ਰਹਿਤ ਕੀਤੀ ਜਾਂਦੀ ਹੈ, ਉਸਨੂੰ **ਕਲੋਰੋਫਿਲ** ਕਹਿੰਦੇ ਹਨ।

(ਸ) ਪ੍ਰਕਾਸ਼ ਸੰਸ਼ਲੇਸ਼ਣ ਵਿੱਚ ਪੌਦੇ ਵਾਯੂਮੰਡਲ ਵਿੱਚੋਂ **ਕਾਰਬਨ ਡਾਈਆਕਸਾਈਡ** ਲੈਂਦੇ ਹਨ ਅਤੇ **ਆਕਸੀਜਨ** ਦਾ ਉਤਪਾਦਨ ਕਰਦੇ ਹਨ।

**ਪ੍ਰਸ਼ਨ 7– ਹੇਠ ਲਿਖਿਆਂ ਦੇ ਸੰਬੰਧਿਤ ਪਰਿਭਾਸ਼ਿਤ ਸ਼ਬਦ ਲਿਖੋ–**

**(ੳ) ਕਮਜੋਰ ਤਣੇ ਵਾਲਾ ਪਰਜੀਵੀ ਪੌਦਾ।**

ਉੱਤਰ– ਅਮਰਵੇਲ।

**(ਅ) ਇੱਕ ਪੌਦਾ ਜਿਸ ਵਿੱਚ ਸਵੈ ਪੋਸ਼ਣ ਅਤੇ ਬਿਖਮ ਪੋਸ਼ਣ ਦੋਵੇਂ ਹੀ ਪ੍ਰਣਾਲੀਆਂ ਮਿਲਦੀਆਂ ਹਨ।**

ਉੱਤਰ– ਘੜਾ ਬੂਟੀ।

GSS SCHOOL

**(ੲ) ਉਹ ਛੇਦ ਜਿੰਨਾਂ ਦੇ ਦੁਆਰਾ ਪੱਤਿਆਂ ਵਿੱਚ ਗੈਸਾਂ ਦਾ ਵਟਾਂਦਰਾ ਹੁੰਦਾ ਹੈ।**

ਉੱਤਰ- ਸਟੋਮੈਟਾ।

**ਪ੍ਰਸ਼ਨ 8- ਸਹੀ ਉੱਤਰ ਤੇ (✓) ਦਾ ਨਿਸ਼ਾਨ ਲਗਾਓ।**

**(ੳ) ਅਮਰਵੇਲ ਉਦਾਹਰਣ ਹੈ ਕਿਸੇ**

**(1) ਸਵੈ ਪੋਸ਼ੀ ਦੀ (2) ਪਰਜੀਵੀ ਦੀ (✓) (3) ਮ੍ਰਿਤਜੀਵੀ ਦੀ (4) ਪਰਪੋਸ਼ੀ ਦੀ**

**(ਅ) ਕੀਟਾਂ ਨੂੰ ਫੜਕੇ ਆਪਣਾ ਭੋਜਨ ਬਨਾਉਣ ਵਾਲੇ ਪੌਦੇ ਦਾਂ ਨਾਂ ਲਿਖੋ-**

**(1) ਅਮਰਵੇਲ (2) ਪਰਪੋਸ਼ਿਤ (3) ਘੜਾ ਬੂਟੀ (✓) (4) ਗੁਲਾਬ**

**ਪ੍ਰਸ਼ਨ 9- ਕਾਲਮ A ਵਿੱਚ ਦਿੱਤੇ ਸ਼ਬਦਾਂ ਦਾ ਮਿਲਾਣ ਕਾਲਮ B ਦੇ ਸ਼ਬਦਾਂ ਨਾਲ ਕਰੋ**

| | ਕਾਲਮ A | ਕਾਲਮ B |
|---|---|---|
| (ੳ) | ਕਲੋਰੋਫਿਲ | (1) ਜੀਵਾਣੂ |
| (ਅ) | ਨਾਈਟ੍ਰੋਜਨ ਸੰਸ਼ਲੇਸ਼ਣ | (2) ਘੜਾ ਬੂਟੀ |
| (ੲ) | ਅਮਰਵੇਲ | (3) ਪੱਤੇ |
| (ਸ) | ਜੰਤੂ | (4) ਪਰਜੀਵੀ |
| (ਹ) | ਕੀਟ ਖਾਣ ਵਾਲੇ | (5) ਪਰਪੋਸ਼ਿਤ |

**ਪ੍ਰਸ਼ਨ 10- ਹੇਠ ਲਿਖੇ ਕਥਨਾਂ ਵਿੱਚੋਂ ਠੀਕ ਅਤੇ ਗਲਤ ਕਥਨ ਚੁਣੋ-**

(ੳ) ਪ੍ਰਕਾਸ਼ ਸੰਸ਼ਲੇਸ਼ਣ ਵਿੱਚ ਕਾਰਬਨ ਡਾਈਆਕਸਾਈਡ ਮੁਕਤ ਹੁੰਦੀ ਹੈ। **(ਗਲਤ)**

(ਅ)ਅਜਿਹੇ ਪੌਦੇ, ਜੋ ਆਪਣਾ ਭੋਜਨ ਆਪ ਸੰਸਲਿਸ਼ਤ ਕਰਦੇ ਹਨ, ਮ੍ਰਿਤਜੀਵੀ ਅਖਵਾਉਂਦੇ ਹਨ। **(ਗਲਤ)**

(ੲ) ਪ੍ਰਕਾਸ਼ ਸੰਸ਼ਲੇਸ਼ਣ ਦੀ ਉਪਜ ਪ੍ਰੋਟੀਨ ਨਹੀਂ ਹੈ। **(ਸਹੀ)**

(ਸ) ਪ੍ਰਕਾਸ਼ ਸੰਸ਼ਲੇਸ਼ਣ ਵਿੱਚ ਸੂਰਜੀ ਊਰਜਾ ਦਾ ਰਸਾਇਣਿਕ ਊਰਜਾ ਵਿੱਚ ਰੂਪਾਂਤਰਣ ਹੋ ਜਾਂਦਾ ਹੈ। **(ਸਹੀ)**

**ਸਹੀ ਵਿਕਲਪ ਚੁਣੋ।**

**ਪ੍ਰਸ਼ਨ 11- ਪੌਦੇ ਦੇ ਜਿਸ ਭਾਗ ਦੁਆਰਾ ਪ੍ਰਕਾਸ਼ ਸੰਸ਼ਲੇਸ਼ਣ ਲਈ ਹਵਾ ਵਿੱਚੋਂ ਕਾਰਬਨ ਡਾਈਆਕਸਾਈਡ ਲਈ ਜਾਂਦੀ ਹੈ-**

**(ੳ)ਮੂਲ ਰੋਮ (ਅ) ਸਟੋਮੈਟਾ (✓) (ੲ) ਪੱਤਾ ਸ਼ਿਰਾਵਾਂ (ਸ) ਸੈਪਲ**

**ਪ੍ਰਸ਼ਨ 12- ਵਾਯੂਮੰਡਲ ਵਿੱਚੋਂ ਮੁੱਖ ਰੂਪ ਵਿੱਚ ਜਿਸ ਭਾਗ ਦੁਆਰਾ ਪੌਦੇ ਕਾਰਬਨ ਡਾਈਆਕਸਾਈਡ ਪ੍ਰਾਪਤ ਕਰਦੇ ਹਨ ਉਹ ਹਨ:-**

**(ੳ) ਜੜ (ਅ) ਤਣਾ (ੲ) ਫੁੱਲ (ਸ) ਪੱਤੇ (✓)**

GSS SCHOOL MACHHIKE